ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040209
Available online at: www.armaan.org.in
DOI: https://doi.org/10.64119/armaan.vol.4.issue2.09

# ਕੇਸਰੀ ਰੰਗ ਦੇ ਵਿਧਾਨ ਦਾ ਬਿਰਤਾਂਤ : 'ਜ਼ੁਬਾਨ ਕੇਸਰੀ'

# Kesari Rang De Vidhan Da Britant: 'Zubaan Kesari'

**ਡਾ. ਸੰਦੀਪ ਰਾਣਾ (Dr. Sandeep Rana)**
ਮੁਖੀ ਅਤੇ ਸਹਾਇਕ ਪ੍ਰੋਫ਼ੈਸਰ, ਪੰਜਾਬੀ (Head & Assistant Professor in Punjabi)
ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ, ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ (ਪੰਜਾਬ)-151302
Email ID: sandeeprana@pbi.ac.in

**ਸਾਰ (Abstract)**

*2025 ਦੀਆਂ ਸਭ ਤੋਂ ਚਰਚਿਤ ਕਹਾਣੀਆਂ ਵਿੱਚ ਜਸਵੀਰ ਸਿੰਘ ਰਾਣਾ ਦੀ ਕਹਾਣੀ 'ਜ਼ੁਬਾਨ ਕੇਸਰੀ' ਦਾ ਨਾਮ ਆਉਂਦਾ ਹੈ। ਇਸ ਬਹੁਪਰਤੀ ਕਹਾਣੀ ਵਿੱਚ ਕਹਾਣੀਕਾਰ ਇਤਿਹਾਸਿਕ ਪਰਤਾਂ ਨੂੰ ਇੰਟਰਨੈਟ ਯੁਗ ਵਿੱਚ ਖੋਲ੍ਹਦਾ ਹੈ। ਕੇਸਰੀ ਰੰਗ ਨੂੰ ਕੇਂਦਰੀ ਮੈਟਾਫਰ ਵਜੋਂ ਵਰਤਦਾ ਕਹਾਣੀਕਾਰ ਸੁਪਨ-ਸੁਰਤਿ ਅਵਸਥਾ ਰਾਹੀਂ ਕਈ ਪ੍ਰਸ਼ਨ ਖੜ੍ਹੇ ਕਰਦਾ ਹੈ। ਬਾਪੂ ਦੇ ਪਰਨੇ ਦਾ ਰੰਗ, ਛੋਟੇ ਸਾਹਿਬਜ਼ਾਦਿਆਂ ਦੀ ਦਸਤਾਰਾਂ ਦਾ ਰੰਗ, ਨਿਸ਼ਾਨ ਸਾਹਿਬ ਦਾ ਬਦਲ ਰਿਹਾ ਰੰਗ, ਕੰਪਨੀ ਰਾਜ ਦਾ ਰਾਖਵਾਂ ਰੰਗ, ਇੰਦਰਜੀਤ ਨਾਂ ਦੇ ਕ੍ਰਾਂਤੀਕਾਰੀ ਪਾਤਰ ਦੀ ਜ਼ੁਬਾਨ ਦਾ ਰੰਗ, ਟੀਵੀ ਮਸ਼ਹੂਰੀ ਵਿੱਚ ਪੇਸ਼ ਜ਼ੁਬਾਨ ਕੇਸਰੀ ਅਤੇ ਸਰਕਾਰੀ ਕੇਸਰੀ ਰੰਗ ਹਰ ਉਪ-ਬਿਰਤਾਂਤ ਵਿੱਚ ਹਾਜ਼ਰ ਰਹਿੰਦਾ ਹੈ। ਕਹਾਣੀ ਵਿੱਚ ਬਾਲ ਵੀਰ ਦਿਵਸ, ਪੂਰਬੀ ਕਲੋਨੀ, ਠੰਢੀ ਹਵਾ ਤੋਂ ਬਚਾਅ, ਸ਼ਬਦ ਦੀ ਮੌਤ, ਕੰਪਨੀ ਰਾਜ ਦੀ ਭਾਸ਼ਾ, ਬਾਂਹ ਦਾ ਸੁੰਨ ਹੋਣਾ, ਦੋ ਸਰਦਾਰਾਂ ਦਾ ਗੁਰਦੁਆਰੇ ਦਾ ਰਸਤਾ ਭੁੱਲਣਾ ਅਤੇ ਪੰਜਾਬ ਕੌਰ ਨਾਂ ਦੀ ਰੋਬੋਟ ਅਧਿਆਪਕ ਆਦਿ ਕਈ ਸੰਕੇਤ ਸਮਕਾਲ ਨੂੰ ਚਿਤਰਤ ਕਰਦੇ ਹਨ।*

**ਕੀਵਰਡ (Keyword):** *ਜ਼ੁਬਾਨ ਕੇਸਰੀ, ਬਿਰਤਾਂਤਕ ਮੁਡ, ਫੋਕਸੀਕਰਨ, ਬਿਰਤਾਂਤਕਤਾ, ਘਟਨਾਵੀਂ ਵਿਉਂਤ, ਘਟਨਾਵਾਂ ਦੀ ਬਾਰੰਮਬਾਰਤਾ, ਸੰਕੇਤ।*

21ਵੀਂ ਸਦੀ ਦੀ ਪਹਿਲੀ ਚੌਥਾਈ ਤੇਜ਼ੀ ਨਾਲ਼ ਘਟਿਤ ਹੋਣ ਵਾਲੇ ਸਮਾਜਿਕ, ਰਾਜਨੀਤਿਕ, ਸੱਭਿਆਚਾਰਕ, ਆਰਥਿਕ ਅਤੇ ਮਨੋਵਿਗਿਆਨਿਕ ਬਦਲਾਵਾਂ ਦਾ ਸਮਾਂ ਸਾਬਿਤ ਹੋਈ ਹੈ। ਪਿਛਲੇ 25 ਸਾਲਾਂ ਵਿੱਚ ਵਿਸ਼ਵ ਪੱਧਰ 'ਤੇ ਅਰਥ ਵਿਵਸਥਾ ਵਿੱਚ ਆਏ ਬਦਲਾਵਾਂ ਦਾ ਪ੍ਰਭਾਵ ਸਮਾਜਿਕ ਵਿਵਸਥਾ 'ਤੇ ਪਿਆ ਹੈ ਅਤੇ ਇਥੋਂ ਹੀ ਅੱਗੇ ਚੱਲ ਸੱਭਿਆਚਾਰਕ ਤਣਾਅ, ਮਾਨਸਿਕ ਸੰਕਟ, ਪਰਿਵਾਰਕ ਉਲਝਣਾਂ ਅਤੇ ਜ਼ਿੰਦਗੀ ਦੀ ਜਟਿਲਤਾ ਸਾਹਮਣੇ ਆਉਣ ਲੱਗੀ ਹੈ। ਇਸ ਚੌਥਾਈ ਤੋਂ ਪਿਛਲੇ ਸਾਲਾਂ ਵਿੱਚ ਮਿਸ਼ਰਿਤ ਅਰਥ ਵਿਵਸਥਾ ਦੇ ਲਕੀਰੀ ਪ੍ਰਭਾਵਾਂ ਹੇਠ ਸਮਾਜ ਅਤੇ ਸੱਭਿਆਚਾਰ ਨਿਸ਼ਚਿਤ ਦਿਸ਼ਾ ਵਿੱਚ ਅੱਗੇ ਵੱਧ ਰਹੇ ਸਨ। ਵਿਸ਼ਵੀਕਰਨ ਕਾਰਨ ਅਰਥ ਵਿਵਸਥਾ ਵਿੱਚ ਆਉਣ ਵਾਲੇ ਬਦਲਾਵਾਂ ਦਾ ਟੀਚਾ ਤਾਂ ਉਦਾਰਵਾਦ ਸੀ ਪਰ ਇਸ ਸਭ ਕਾਸੇ ਨਾਲ਼ ਸਾਰੇ ਦਾ ਸਾਰਾ ਦ੍ਰਿਸ਼ ਹੀ ਬਦਲ ਗਿਆ। ਨਵੀਂ ਸਦੀ ਵਿੱਚ ਆਈ ਸੂਚਨਾ ਕ੍ਰਾਂਤੀ ਨੇ ਤਾਂ ਇਸ ਬਦਲਾਅ ਨਾਲ਼ ਸਾਰੀ ਵਿਵਸਥਾ ਹਿਲਾ ਕੇ ਰੱਖ ਦਿੱਤੀ ਹੈ। ਵੱਡੀਆਂ ਅਮਰੀਕੀ ਤੇ ਯੂਰਪੀ ਕੰਪਨੀਆਂ ਨਾਲ਼ ਬਾਜ਼ਾਰਵਾਦ, ਉਪਭੋਗਤਾਵਾਦ, ਵਸਤੂਵਾਦ ਅਤੇ ਕਾਰਪੋਰੇਟ ਰਾਜ ਵਰਗੀਆਂ ਕਈ ਸ਼ਕਤੀਆਂ ਵੀ ਸਿਸਟਮ ਵਿੱਚ ਦਾਖ਼ਲ ਹੋਈਆਂ ਹਨ ਜਿਨ੍ਹਾਂ ਨੇ ਮਨੁੱਖੀ ਜ਼ਿਹਨਾਂ 'ਤੇ ਕਬਜ਼ਾ ਕਰ ਲਿਆ ਹੈ। ਹੁਣ ਪੈਸਾ ਕਮਾਉਣਾ ਹੀ ਨਵੀਂ ਵਿਵਸਥਾ ਦਾ ਕੇਂਦਰ ਬਿੰਦੂ ਬਣ ਕੇ ਰਹਿ ਗਿਆ ਹੈ ਅਤੇ ਇਸ ਸਾਰੇ ਜਟਿਲ ਮਾਹੌਲ ਵਿੱਚ ਵਿਚਰਦਾ ਮਨੁੱਖ ਵੀ ਜਟਿਲ ਹੋ ਚੁੱਕਾ ਹੈ। ਅੱਜ ਉਸਦੀ ਜ਼ਿੰਦਗੀ ਭੌਤਿਕ ਅਤੇ ਦੈਹਿਕ ਸੰਕਟਾਂ ਕਾਰਨ ਪੈਦਾ ਹੋਏ ਮਾਨਸਿਕ ਤਣਾਵਾਂ ਅਤੇ ਉਲਝਣਾਂ ਨਾਲ਼ ਵੀ ਜੂਝ ਰਹੀ ਹੈ। ਮਨੁੱਖੀ ਸੰਵੇਦਨਾ ਦੀਆਂ ਉਲਝਣਾਂ 'ਚ ਫਸੇ ਅਨੁਭਵਾਂ ਦੀ ਜਟਿਲਤਾ ਕਾਰਨ ਕਹਾਣੀ ਦੀ ਬਿਰਤਾਂਤਕ ਵਿਉਂਤ ਵੀ ਜਟਿਲ ਹੁੰਦੀ ਜਾ ਰਹੀ ਹੈ। ਜਟਿਲ ਬਿਰਤਾਂਤ ਸਾਹਿਤ ਸਿਰਜਣਾ ਸਮੇਂ ਘਟਨਾਵਾਂ, ਪਾਤਰਾਂ, ਅਤੇ ਸਮੇਂ ਦੀ ਸਿੱਧੀ ਲਕੀਰੀ ਪੇਸ਼ਕਾਰੀ ਦੇ ਬਜਾਏ ਉਲਝਵੀਂ, ਬਹੁ-ਪਰਤੀ ਜਾਂ ਗੈਰ-ਕਾਲਕ੍ਰਮਿਕ ਵਿਧੀ ਰਾਹੀਂ ਪੇਸ਼ਕਾਰੀ ਕੀਤੀ ਜਾਂਦੀ ਹੈ। *ਬਿਰਤਾਂਤਕ ਮੁਡ ਬਿਰਤਾਂਤਕਾਰ ਦੀ ਆਪਣੀ ਸਮਰੱਥਾ ਅਤੇ ਮਨਸ਼ਾ ਨਾਲ਼ ਕਥਾ ਗ੍ਰਹਿਣ ਕਰਨ ਦਾ ਢੰਗ ਹੈ* [1] ਅਤੇ ਇਸ ਦੀ ਜਟਿਲਤਾ ਜੀਵਨ ਦੇ ਘਟਨਾ ਕ੍ਰਮ ਤੋਂ ਅਨੁਭਵ ਗ੍ਰਹਿਣ ਕਰਨ ਸਮੇਂ ਹੀ ਸ਼ੁਰੂ ਹੋ ਜਾਂਦੀ ਹੈ। ਅਜਿਹੇ ਬਿਰਤਾਂਤ ਦੀ ਪੇਸ਼ਕਾਰੀ ਦਾ ਪੱਧਰ ਵੀ ਬਹੁਪਰਤੀ ਹੋ ਨਿਬੜਦਾ ਹੈ ਕਿਉਂਕਿ ਇਸ ਵਿੱਚ ਮੁਖ ਬਿਰਤਾਂਤ ਦੇ ਨਾਲ਼-ਨਾਲ਼ ਕਾਲਕ੍ਰਮਿਕ ਹੇਰ-ਫ਼ੇਰ ਨਾਲ਼ ਕਈ ਉਪ-ਬਿਰਤਾਂਤ ਚੱਲਦੇ ਹਨ। ਇਹਨਾਂ ਉਪ-ਬਿਰਤਾਂਤਾਂ ਦੀਆਂ ਸਗਲ ਪਰਤਾਂ ਖੋਲ੍ਹਣਾ ਅਤੇ ਕਹਾਣੀ ਦੇ ਸਾਰੇ ਟੁਕੜਿਆਂ ਨੂੰ ਜੋੜ੍ਹਨਾ ਪਾਠਕ ਦੀ ਯੋਗਤਾ 'ਤੇ ਨਿਰਭਰ ਕਰਦਾ ਹੈ।

ਹੱਥਲੇ ਖੋਜ ਪੱਤਰ ਲਈ ਅਜੋਕੀ ਅਰਥ ਵਿਵਸਥਾ ਅਤੇ ਕਾਰਪੋਰੇਟ ਜਗਤ ਦੇ ਸ਼ਿਕੰਜੇ ਵਿੱਚ ਫਸੇ ਪਾਤਰਾਂ ਦੀ ਜਟਿਲ ਬਿਰਤਾਂਤ ਵਾਲੀ ਕਹਾਣੀ "ਜ਼ੁਬਾਨ ਕੇਸਰੀ" ਵਿਚਾਰੀ ਜਾਵੇਗੀ ਜੋ ਨਾਮਵਰ ਕਹਾਣੀਕਾਰ ਜਸਵੀਰ ਸਿੰਘ ਰਾਣਾ ਦੁਆਰਾ ਲਿਖੀ ਗਈ ਹੈ। ਇਹ ਕਹਾਣੀ ਆਧੁਨਿਕ ਪੰਜਾਬੀ ਕਹਾਣੀ ਦੇ ਉਸ ਵਿਲੱਖਣ ਰੂਪ ਦੀ ਪ੍ਰਤੀਨਿਧਤਾ ਕਰਦੀ ਹੈ ਜਿਸ ਵਿੱਚ ਇਤਿਹਾਸ, ਮਿੱਥ, ਸਮਕਾਲੀ ਯਥਾਰਥ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਇੱਕੋ ਧਰਾਤਲ ਉੱਤੇ ਆ ਮਿਲਦੀਆਂ ਹਨ। ਇਹ ਕਹਾਣੀ ਕੇਵਲ ਇੱਕ ਰੰਗ ਦੀ ਗਾਥਾ ਨਹੀਂ, ਸਗੋਂ ਉਸ ਪੂਰੀ ਸੱਭਿਆਚਾਰਕ, ਰਾਜਨੀਤਕ ਅਤੇ ਭਾਸ਼ਾਈ ਚੇਤਨਾ ਦੀ ਪੜਚੋਲ ਹੈ ਜੋ ਸਦੀਆਂ ਤੋਂ


Received: 03 May 2026 Accepted: 31 May 2026 Published: 05 June 2026

ਪੰਜਾਬੀ ਮਾਨਸਿਕਤਾ ਅੰਦਰ ਵੱਸਦੀ ਆਈ ਹੈ। ਕਹਾਣੀਕਾਰ ਸੁਪਨ-ਸੁਰਤ ਅਵਸਥਾ ਨੂੰ ਬਿਰਤਾਂਤ ਦੀ ਮੁੱਖ ਜੁਗਤ ਵਜੋਂ ਵਰਤਦਾ ਹੈ ਅਤੇ ਕੇਸਰੀ ਰੰਗ ਨੂੰ ਕੇਂਦਰੀ ਮੈਟਾਫ਼ਰ ਬਣਾ ਕੇ ਅਰਥ ਸੰਚਾਰ ਕਰਦਾ ਹੈ ਜੋ ਪਾਠਕ ਦੇ ਅਵਚੇਤਨ ਨੂੰ ਝੰਜੋੜਦੀ ਹੈ। ਬਾਪੂ ਦੇ ਪਰਨੇ ਦਾ ਕੇਸਰੀ ਰੰਗ ਮਿਹਨਤ, ਸੰਘਰਸ਼ ਅਤੇ ਸਾਦਗੀ ਦਾ ਪ੍ਰਤੀਕ ਹੈ। ਇਹ ਕੇਸਰੀ ਰੰਗ ਜ਼ਮੀਨ ਨਾਲ਼ ਜੁੜਿਆ ਹੈ, ਮਿਹਨਤ ਦੇ ਪਸੀਨੇ ’ਚ ਭਿਜਿਆ ਹੈ ਅਤੇ ਸਾਧਾਰਨ ਪੰਜਾਬੀ ਮਨੁੱਖ ਦੀ ਪਛਾਣ ਹੈ। ਛੋਟੇ ਸਾਹਿਬਜ਼ਾਦਿਆਂ ਦੀਆਂ ਦਸਤਾਰਾਂ ਦਾ ਕੇਸਰੀ ਰੰਗ ਸ਼ਹਾਦਤ, ਸਿਦਕ ਅਤੇ ਅਡੋਲ ਹੌਂਸਲੇ ਦਾ ਰੰਗ ਹੈ। ਇਹ ਉਹ ਕੇਸਰੀ ਹੈ ਜੋ ਮੌਤ ਦੇ ਸਾਹਮਣੇ ਵੀ ਨਹੀਂ ਝੁਕਿਆ, ਜੋ ਪੀੜ੍ਹੀਆਂ ਦੀ ਯਾਦ ਵਿੱਚ ਜਿਉਂਦਾ ਹੈ ਤੇ ਭਵਿੱਖ ’ਚ ਵੀ ਰਹੇਗਾ। ਇਸ ਦੇ ਉਲਟ ਨਿਸ਼ਾਨ ਸਾਹਿਬ ਦਾ ਬਦਲਦਾ ਰੰਗ ਇੱਕ ਡੂੰਘੀ ਬੇਚੈਨੀ ਪੈਦਾ ਕਰਦਾ ਹੈ। ਉਹ ਰੰਗ ਜੋ ਕਦੇ ਸਥਿਰ ਅਤੇ ਅਟੱਲ ਸੀ ਹੁਣ ਬਦਲ ਰਿਹਾ ਹੈ। ਇਹ ਬਦਲਾਅ ਕੇਵਲ ਰੰਗ ਦਾ ਨਹੀਂ ਸਗੋਂ ਸੰਸਥਾਵਾਂ ਦੀ ਆਤਮਾ ਅਤੇ ਮੂਲ ਕਦਰਾਂ-ਕੀਮਤਾਂ ਦਾ ਬਦਲਾਅ ਹੈ। ਕੰਪਨੀ ਰਾਜ ਦਾ ਰਾਖਵਾਂ ਕੇਸਰੀ ਰੰਗ ਦਰਸਾਉਂਦਾ ਹੈ ਕਿ ਕਿਵੇਂ ਸੱਤਾ ਲੋਕਾਂ ਦੇ ਮੁਕੱਦਸ ਰੰਗਾਂ ਉੱਤੇ ਕਬਜ਼ਾ ਕਰ ਲੈਂਦੀ ਹੈ ਅਤੇ ਉਹਨਾਂ ਨੂੰ ਆਪਣੇ ਹਿੱਤਾਂ ਲਈ ਵਰਤਦੀ ਹੈ। ਟੀਵੀ ਮਸ਼ਹੂਰੀ ਵਿੱਚ ਜ਼ੁਬਾਨ ਕੇਸਰੀ ਦਾ ਸੰਕੇਤ ਸ਼ਾਇਦ ਕਹਾਣੀ ਦਾ ਸਭ ਤੋਂ ਤਿੱਖਾ ਵਿਅੰਗ ਹੈ। ਜੋ ਰੰਗ ਕਦੇ ਅਧਿਆਤਮਿਕ ਸ਼ਕਤੀ ਅਤੇ ਕੁਰਬਾਨੀ ਦਾ ਪ੍ਰਤੀਕ ਸੀ ਉਹੀ ਹੁਣ ਇੱਕ ਉਤਪਾਦ ਵੇਚਣ ਦਾ ਸਾਧਨ ਬਣ ਗਿਆ ਹੈ। ਭਾਸ਼ਾ, ਵਿਰਸਾ ਅਤੇ ਰੰਗ ਸਭ ਕੁਝ ਬਾਜ਼ਾਰੀ ਮਾਲ ਵਿੱਚ ਤਬਦੀਲ ਹੋ ਗਿਆ ਹੈ। ਪੰਜਾਬੀ ਸੂਬਾ ਮੋਰਚੇ ਨਾਲ਼ ਸਬੰਧਤ ਇੰਦਰਜੀਤ ਦਾ ਪਾਤਰ ਕਹਾਣੀ ਵਿੱਚ ਭਾਸ਼ਾਈ ਸੰਘਰਸ਼ ਦੀ ਰੂਹ ਨੂੰ ਦਰਸਾਉਂਦਾ ਹੈ। ਉਸਦੀ ਜ਼ੁਬਾਨ ਦਾ ਕੇਸਰੀ ਰੰਗ ਇਸ ਗੱਲ ਦਾ ਪ੍ਰਤੀਕ ਹੈ ਕਿ ਭਾਸ਼ਾ ਕੇਵਲ ਸੰਚਾਰ ਦਾ ਸਾਧਨ ਨਹੀਂ, ਸਗੋਂ ਵਿਰੋਧ ਕਰਨ ਦਾ ਹਥਿਆਰ ਵੀ ਹੈ। ਜਦੋਂ ਇੱਕ ਕੌਮ ਆਪਣੀ ਭਾਸ਼ਾ ਲਈ ਲੜਦੀ ਹੈ ਤਾਂ ਉਹ ਅਸਲ ਵਿੱਚ ਆਪਣੀ ਹੋਂਦ ਲਈ ਲੜਦੀ ਹੈ। ਇੰਦਰਜੀਤ ਦੀ ਜ਼ੁਬਾਨ ਉੱਤੇ ਕੇਸਰੀ ਰੰਗ ਦਾ ਪਸਰਨਾ ਦਰਅਸਲ ਇਹ ਦੱਸਦਾ ਹੈ ਕਿ ਭਾਸ਼ਾ ਅਤੇ ਸੱਭਿਆਚਾਰਕ ਪਛਾਣ ਅੰਤਰ-ਸਬੰਧੀ ਹਨ।

ਰਾਣਾ ਨੇ ਸੁਪਨ-ਸੁਰਤ ਅਵਸਥਾ ਨੂੰ ਕਹਾਣੀ ਦੀ ਮੁੱਖ ਜੁਗਤ ਵਜੋਂ ਚੁਣਿਆ ਹੈ। ਇਹ ਚੋਣ ਬੇਹੱਦ ਸੁਚੇਤ ਅਤੇ ਕਲਾਤਮਕ ਹੈ। ਸੁਪਨੇ ਵਿੱਚ ਸਮੇਂ ਦੀਆਂ ਸੀਮਾਵਾਂ ਖ਼ਤਮ ਹੋ ਜਾਂਦੀਆਂ ਹਨ। ਇਤਿਹਾਸ ਅਤੇ ਵਰਤਮਾਨ ਇੱਕੋ ਥਾਂ ਖੜ੍ਹੇ ਹੋ ਕੇ ਮਿੱਥ ਅਤੇ ਯਥਾਰਥ ਆਪਸ ਵਿੱਚ ਘੁਲਣ-ਮਿਲਣ ਦਾ ਕਾਰਨ ਬਣਦੇ ਹਨ। ਇਸ ਅਵਸਥਾ ਰਾਹੀਂ ਕਹਾਣੀਕਾਰ ਉਹ ਸੱਚ ਕਹਿੰਦਾ ਹੈ ਜੋ ਜਾਗਦੀ ਚੇਤਨਾ ਵਿੱਚ ਕਹਿਣਾ ਸ਼ਾਇਦ ਸੰਭਵ ਨਾ ਹੋਵੇ। ਇਸ ਜੁਗਤ ਰਾਹੀਂ ਕਹਾਣੀਕਾਰ ਇੱਕ ਵਿਲੱਖਣ ਪ੍ਰਭਾਵ ਪੈਦਾ ਕਰਦਾ ਹੈ। ਪਾਠਕ ਨੂੰ ਪਤਾ ਨਹੀਂ ਲੱਗਦਾ ਕਿ ਉਹ ਕਿਸ ਸਮੇਂ ਵਿੱਚ ਹੈ। ਸਤਾਰਵੀਂ ਸਦੀ, ਪੰਜਾਬੀ ਸੂਬਾ ਮੋਰਚੇ ਦਾ ਸਮਾਂ ਜਾਂ ਅੱਜ ਦਾ ਤਕਨੀਕੀ ਯੁਗ ਜਾਂ ਫਿਰ ਇਹ ਕੋਈ ਭਵਿੱਖ ਹੈ ਜਿੱਥੇ ਰੋਬੋਟ ਅਧਿਆਪਕਾਂ ਨੇ ਮਨੁੱਖੀ ਸੰਵਾਦ ਦੀ ਥਾਂ ਲੈ ਲਈ ਹੈ। ਬਿਰਤਾਂਤਕ ਕਾਲ ਦੀ ਇਹ ਅਸਪੱਸ਼ਟਤਾ ਕਹਾਣੀ ਦੀ ਤਾਕਤ ਹੈ। ਕਹਾਣੀ ਵਿੱਚ ਬਾਲ ਵੀਰ ਦਿਵਸ, ਪੂਰਬੀ ਕਲੋਨੀ, ਠੰਢੀ ਹਵਾ ਤੋਂ ਬਚਾਅ, ਸ਼ਬਦ ਦੀ ਮੌਤ, ਕੰਪਨੀ ਰਾਜ ਦੀ ਭਾਸ਼ਾ, ਇਤਿਹਾਸ ਦੀ ਪੈੜ ਬਦਲਣਾ, ਬਾਂਹ ਦਾ ਸੁੰਨ ਹੋਣਾ, ਦੋ ਸਰਦਾਰਾਂ ਦਾ ਗੁਰਦੁਆਰੇ ਦਾ ਰਸਤਾ ਭੁੱਲਣਾ ਅਤੇ ਪੰਜਾਬ ਕੌਰ ਨਾਂ ਦੀ ਰੋਬੋਟ ਅਧਿਆਪਕ ਆਦਿ ਕਈ ਸੰਕੇਤ ਇਸ ਯੁੱਗ ਦੇ ਸੰਕੇਤਾਂ ਨੂੰ ਚਿਤਰਤ ਕਰਦੇ ਹਨ। ਕਹਾਣੀ ਵਿੱਚ ਮਾਸਟਰ ਪਰਮਵੇਦ ਫੇਸਬੁੱਕੀਏ ਵਿਦਵਾਨ ਬਾਰੇ ਸੰਵਾਦ ਹੈ ਜੋ ਅਜੋਕੇ ਯੁੱਗ ਦੀ ਸਾਰੀ ਤਸਵੀਰ ਪਾਠਕ ਸਾਹਮਣੇ ਰੱਖ ਦਿੰਦਾ ਹੈ, *"ਸ਼ਬਦ ਦੀ ਮੌਤ ਹੋ ਚੁੱਕੀ ਹੈ!... ਇਹ ਸਿੰਬਲ ਦਾ ਜ਼ਮਾਨਾ!... ਇਹ ਈ-ਮੋਜ਼ੀ ਯੁੱਗ ਹੈ...।" ਉਹ ਹਰ ਵਕਤ 'ਕੰਪਨੀ ਰਾਜ' ਦੀ ਭਾਸ਼ਾ ਬੋਲਦਾ ਸੀ।*[2] ਜਾਂ ਫਿਰ ਪਰਵਾਸ ਕਾਰਨ ਸਮਾਜ ਦੀ ਬਦਲ ਰਹੀ ਸੰਰਚਨਾ ਬਾਰੇ ਇਕ ਸੰਵਾਦ ਹੈ, *"ਹੁਣ ਅਸੀਂ ਛੋਰੇ-ਛੋਰੀਆਂ ਨੂੰ ਰਾਮੂ ਸਿੰਘ ਤੇ ਲੱਛਮੀ ਕੌਰ ਬਨਾ ਦਿੱਤਾ ਹੈਗੀ।.. ਇੱਥੇ ਪੰਜਾਬੀ ਸਕੂਲਾਂ ਮੇਂ ਦਾਖ਼ਲ ਕਰਵਾ ਦਿੱਤਾ ਹੈਗੀ। ...ਇਹਨਾਂ ਦੇ ਅਧਾਰ ਕਾਰਡ ਵੋਟਰ ਕਾਰਡ ਵੀ ਬਨਾ ਦਿੱਤੀ ਹੈਗਾ!" ਉਹ ਮੇਰੇ ਸਕੂਲ ਵਿੱਚ ਬੱਚੇ ਦਾਖ਼ਲ ਕਰਵਾਉਣ ਆਉਂਦੀਆਂ ਭਈਆ ਰਾਣੀਆਂ ਵਾਂਗ ਗੱਲਾਂ ਕਰ ਰਹੀਆਂ ਸਨ।*[3]

ਬਿਰਤਾਂਤਕ ਮੂਡ ਅਧੀਨ ਕਥਾ ਗ੍ਰਹਿਣ ਕਰਕੇ, ਕਹਾਣੀ ਵਿੱਚ ਪੇਸ਼ ਕਰਨ ਹਿੱਤ ਬਿਰਤਾਂਤ ਨੂੰ ਵਿਉਂਤਣਾ ਅਸਲ ਵਿੱਚ ਬਿਰਤਾਂਤਕ ਫੋਕਸੀਕਰਨ ਅਧੀਨ ਕਹਾਣੀ ਦੀ ਸੰਰਚਨਾ ਵਿੱਚ ਘਟਨਾਵਾਂ ਵਿਚ ਸਹੀ ਤਾਲਮੇਲ ਬਿਠਾਉਣਾ ਹੀ ਹੈ। ਘਟਨਾਵਾਂ ਦੀ ਵਾਪਰਨ ਮਿਆਦ ਬਾਰੇ ਅਧਿਐਨ ਕੀਤਿਆਂ *ਪ੍ਰਸਿੱਧ ਬਿਰਤਾਂਤ ਸ਼ਾਸਤਰੀ ਤੋਦੋਰੋਵ ਨੇ ਬਿਰਤਾਂਤ ਵਿੱਚ ਕਾਲ ਦੀ ਮਿਆਦ ਦੀਆਂ ਚਾਰ ਸੰਭਾਵਨਾਵਾਂ ਮਿੱਥੀਆਂ ਹਨ: ਅਟਕਾਓ, ਦ੍ਰਿਸ਼, ਸ਼ਬਦ ਲੋਪ ਅਤੇ ਸੰਖੇਪ।*[4] *ਮੀਕਬਲ ਨੇ ਚਾਰ ਦੀ ਬਜਾਏ ਪੰਜ ਸੰਭਾਵਨਾਵਾਂ ਦਾ ਜ਼ਿਕਰ ਕਰਦਿਆਂ ਮੱਠਾਰਨ ਨੂੰ ਪੰਜਵੀਂ ਸੰਭਾਵਨਾ ਵਜੋਂ ਸ਼ਾਮਲ ਕੀਤਾ ਹੈ।*[5] ਇਹਨਾਂ ਸਿਧਾਤਾਂ ਦੇ ਆਧਾਰ ’ਤੇ ਹੱਥਲੀ ਕਹਾਣੀ ਦਾ ਵਿਸਥਾਰਤ ਅਧਿਐਨ ਕੀਤਿਆਂ ਕਹਾਣੀ ਦੀ ਜੋ ਸੰਰਚਨਾ ਸਾਹਮਣੇ ਆਉਂਦੀ ਹੈ ਕਿ ਇਸ ਕਹਾਣੀ ਵਿੱਚ ਮੁਖ ਪਾਤਰ ਰਾਹੀਂ ਬਿਰਤਾਂਤ ਛੋਟੇ ਛੋਟੇ ਖੰਡਾਂ ਵਿੱਚ ਪੇਸ਼ ਕੀਤਾ ਗਿਆ ਹੈ। ਅਟਕਾਓ ਅਤੇ ਸ਼ਬਦ ਲੋਪ ਵਿਧੀਆਂ ਦੀ ਵਰਤੋਂ ਲੋੜ ਅਨੁਸਾਰ ਕਰਕੇ ਕਹਾਣੀਕਾਰ ਨੇ ਇਸ ਕਹਾਣੀ ਦੀ ਸੰਰਚਨਾ ਦੀ ਜਟਿਲਤਾ ਨੂੰ ਸੰਤੁਲਿਤ ਆਕਾਰ ਦਿੱਤਾ ਹੈ। ਮਾਨਸਿਕ ਤਣਾਅ ਅਤੇ ਅਜੋਕੇ ਯੁੱਗ ਦੀਆਂ ਘਟਨਾਵਾਂ ਨੂੰ ਵਿਉਂਤਣ ਲਈ ਜਿਥੇ ਉਸ ਨੇ ਅਟਕਾਓ ਵਿਧੀ ਵਰਤੀ ਹੈ ਉਥੇ ਇਤਿਹਾਸ ਦੇ ਵੇਰਵਿਆਂ ਨੂੰ ਇਹਨਾਂ ਵਰਤਾਰਿਆਂ ਨਾਲ਼ ਮੇਲਣ ਲਈ ਸ਼ਬਦ ਲੋਪ ਢੰਗ ਅਪਣਾਇਆ ਗਿਆ ਹੈ। ਕਹਾਣੀ ਦੀ ਸ਼ੁਰੂਆਤ ਕਰਨ ਲਈ ਆਂਤਰਿਕ ਫੋਕਸੀਕਰਨ ਤਕਨੀਕ ਨੂੰ ਵਰਤਦਿਆਂ ਬਿਰਤਾਂਤਕਾਰ ਇੱਕ ਸੁਪਨੇ ਤੋਂ ਘਟਨਾਵੀਂ ਵਿਉਂਤ ਦੀ ਅਟਕਾਓ ਵਿਧੀ ਰਾਹੀਂ ਗੱਲ ਸ਼ੁਰੂ ਕਰਦਾ ਹੈ। ਖੂਹ ਵਿੱਚ ਕੁਝ ਡਿੱਗਣਾ, ਕੁਝ ਯਾਨੀ ਕਿ ਬਿਰਤਾਂਤਕਾਰ ਆਪ, ਫਿਰ ਉਸ ਦੀ ਦੇਹ ਉੱਪਰ ਇੰਦਰਜੀਤ ਦੀ ਦੇਹ ਦਾ ਡਿੱਗਣਾ ਤੇ ਖੂਹ ਵਿੱਚ ਪਾਣੀ ਦੀ ਥਾਂ ਖ਼ੂਨ ਦਾ ਹੋਣਾ ਪਾਠਕ ਦੇ ਜ਼ਿਹਨ ਵਿੱਚ ਕਈ ਸਵਾਲ ਉਠਾਉਂਦਾ ਹੈ। ਸ਼ਬਦ ਲੋਪ ਵਿਧੀ ਨਾਲ਼ ਇਤਿਹਾਸਕ ਘਟਨਾਵਾਂ ਵਿੱਚੋਂ ਪੰਜਾਬੀ ਸੂਬਾ ਮੋਰਚਾ ਦਾ ਸੰਘਰਸ਼ਸ਼ੀਲ ਪਾਤਰ ਇੰਦਰਜੀਤ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵੇਲੇ ਸੂਬੇ ਦੀ ਕਚਹਿਰੀ ਵਿੱਚ ਸਾਹਿਬਜ਼ਾਦਿਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਲਾਉਣ ਵਾਲਾ ਨਵਾਬ ਸ਼ੇਰ ਮੁਹੰਮਦ ਖ਼ਾਨ ਬਿਰਤਾਂਤ ਵਿੱਚ ਦਾਖ਼ਲ ਹੁੰਦਾ ਹੈ। ਬਿਰਤਾਂਤਕਾਰ ਇੱਕ ਅਧਿਆਪਕ, ਇੱਕ ਮਾਸਟਰ, ਇੱਕ ਉਸਤਾਦ ਦੇ ਰੂਪ ਵਿੱਚ ਸੁਪਨ ਅਵਸਥਾ ਵਿੱਚੋਂ ਸੁਰਤ ਵਿੱਚ ਆਉਣ ਦੀ ਗੱਲ ਵੀ ਸੰਚਾਰ ਕਰਦੀ ਹੈ। ਉਸ ਦੀ ਨੀਂਦ-ਅਵਸਥਾ ਬਾਰੇ ਅਟਕਾਓ ਵਿਧੀ ਰਾਹੀਂ ਸਾਰੀ ਗੱਲ ਪਾਠਕ ਤਕ ਪੁੱਜਦੀ ਹੈ ਕਿ ਨੀਂਦ ਵਿੱਚ ਇੰਦਰਜੀਤ ਤੇ ਨਵਾਬ ਸ਼ੇਰ ਮੁਹੰਮਦ ਖ਼ਾਨ ਦੀ ਰੂਹਾਂ ਉਸਨੂੰ ਝੰਜੋੜਦੀਆਂ ਹਨ ਅਤੇ ਸਮਕਾਲੀ ਵਿਵਸਥਾ ਵਿੱਚ ਹੋਣ ਵਾਲੇ ਗ਼ਲਤ ਵਰਤਾਰਿਆਂ ਬਾਰੇ ਚਿੰਤਤ ਹੁੰਦੀਆਂ ਹਨ। ਇਹੀ ਬਿਰਤਾਂਤ ਲੜੀ ਅਜੋਕੀ ਵਿਵਸਥਾ ਲਈ 'ਅੱਜ ਦੀ ਕਿਤਾਬ' ਸੰਕੇਤ ਵਰਤਦਿਆਂ ਉਸ ਕਿਤਾਬ ਦੇ ਹਰ ਪੰਨੇ ਦੇ ਗ਼ਲਤ ਲਿਖੇ ਹੋਣ ਦੀ ਗੱਲ ਪੇਸ਼ ਕਰਦੀ ਹੈ। ਅਜੋਕੇ ਯੁੱਗ ਦੇ ਆਨਲਾਈਨ

ਸੰਸਾਰ ਬਾਰੇ ਸਿਰਜੇ ਬਿਰਤਾਂਤ ਵਿੱਚ ਸਕੂਲਾਂ ਵਿੱਚ ਗ਼ਲਤ ਪੜ੍ਹਾਏ ਜਾਣ ਅਤੇ ਵਿਦਿਆਰਥੀਆਂ ਦੇ ਇਸ ਚੱਕਰਵਿਊ ਵਿੱਚ ਫਸ ਜਾਣ ਸੰਚਾਰ ਕਰਦਾ ਹੈ। ਬਿਰਤਾਂਤਕਾਰ ਇਤਿਹਾਸ ਵਿੱਚੋਂ ਕੰਧ ਵਿੱਚ ਚਿਣੇ ਜਾਣ ਦੇ ਮੈਟਾਫ਼ਰ ਨੂੰ ਵਰਤਦਾ ਕੰਧ ਦੁਆਰਾ ਵਿਦਿਆਰਥੀਆਂ ਨੂੰ ਆਪਣੇ ਅੰਦਰ ਸਮਾ ਲੈਣ ਵਾਲਾ ਕਸਾਈ ਸਿੱਧ ਕਰਦਾ ਹੈ। 'ਅੱਜ ਦੀ ਕਿਤਾਬ' ਵਿੱਚ ਗ਼ਲਤ ਲਿਖਿਆ ਹੋਣਾ ਪੰਜਾਬੀ ਸੂਬਾ ਮੋਰਚਾ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਘਟਨਾ ਵਰਗੀਆਂ ਇਤਿਹਾਸਕ ਘਟਨਾਵਾਂ ਦੀ ਮਹੱਤਤਾ ਨੂੰ ਨਕਾਰਦਾ ਲੱਗਦਾ ਹੈ ਅਤੇ ਇੱਕ ਅਧਿਆਪਕ ਵਜੋਂ ਬਿਰਤਾਂਤਕਾਰ ਬੇਵੱਸ ਵਿਖਾਈ ਦਿੰਦਾ ਹੈ ਕਿਉਂਕਿ ਇਸ ਕਿਤਾਬ ਦੇ ਗ਼ਲਤ ਪੰਨੇ ਲਿਖਣ ਵਾਲਾ ਹੱਥ ਦਰਅਸਲ 'ਕੰਪਨੀ ਰਾਜ' ਦਾ ਹੈ।

ਪਰਵਾਸੀ ਮਜ਼ਦੂਰਾਂ ਦੁਆਰਾ ਪੰਜਾਬ ਵਿੱਚ ਪੱਕੇ ਪੈਰ ਜਮਾਅ ਲੈਣ ਦੇ ਮਸਲੇ ਨੂੰ ਪੇਸ਼ ਕਰਨ ਲਈ ਬਿਰਤਾਂਤਕਾਰ ਦ੍ਰਿਸ਼ ਵਿਧੀ ਵਰਤਦਾ ਹੈ ਅਤੇ ਆਪਣੀ ਕਲੋਨੀ ਵਿੱਚੋਂ ਬਾਹਰਲੇ ਦੇਸ਼ ਜਾ ਵੱਸੇ ਲੋਕਾਂ ਦੇ ਘਰ ਪਰਵਾਸੀ ਮਜ਼ਦੂਰਾਂ ਦੁਆਰਾ ਖ਼ਰੀਦ ਲਏ ਜਾਣ ਦਾ ਵਰਤਾਰਾ ਪੇਸ਼ ਕਰਦਾ ਹੈ। ਇਹੀ ਬਿਰਤਾਂਤਕ ਲੜੀ ਉਸ ਉਪ-ਬਿਰਤਾਂਤ ਨਾਲ਼ ਵੀ ਜਾ ਜੁੜਦੀ ਹੈ ਜਦੋਂ ਬਿਰਤਾਂਤਕਾਰ ਆਪਣੇ ਬਚਪਨ ਵਿੱਚ ਪੂਰਬੀ ਭਈਆਂ ਨੂੰ ਪੰਜਾਬ ਦੇ ਸਰਦਾਰਾਂ ਅੱਗੇ ਮੋੜਵਾਂ ਜਵਾਬ ਦਿੰਦਿਆਂ ਸੁਣਿਆ ਸੀ। ਉਸ ਸਮੇਂ ਉਸ ਨੂੰ ਸਮਝ ਆਉਣ ਲੱਗਦੀ ਹੈ ਕਿ ਸੱਚਮੁੱਚ ਯੁੱਗ ਪਲਟ ਗਿਆ ਹੈ ਤੇ ਉਸਨੂੰ ਆਪਣੇ ਬਾਪੂ ਦੀ ਅਣਖ ਤੇ ਉਸਦੇ ਕੇਸਰੀ ਪਰਨੇ ਦਾ ਰੰਗ ਖੁਰਦਾ ਮਹਿਸੂਸ ਹੁੰਦਾ ਹੈ। ਕੇਸਰੀ ਪਰਨੇ ਦਾ ਸੰਕੇਤ ਆਪਣੀ ਗ਼ੈਰਤ ਲਈ ਵਰਤਦਾ ਉਹ ਆਪਣੇ ਬਾਪੂ ਵਰਗਾ ਬਣਨਾ ਚਾਹੁੰਦਾ ਹੈ। ਪਰ ਇਸੇ ਲੜੀ ਦੇ ਅਗਲੇ ਹਿੱਸੇ ਵਿੱਚ ਸ਼ਬਦ ਲੋਪ ਵਿਧੀ ਰਾਹੀਂ ਵਿਦੇਸ਼ ਜਾ ਬੈਠੀ ਬੇਟੀ ਦਾ ਇਕ ਸੰਵਾਦ ਪਰਵਾਸੀ ਜ਼ਿੰਦਗੀ ਦੀ ਸਾਰੀ ਸਥਿਤੀ ਸੰਚਾਰ ਕਰ ਦਿੰਦਾ ਹੈ ਅਤੇ ਉਸਨੂੰ ਪਰਵਾਸੀ ਮਜ਼ਦੂਰਾਂ ਨਾਲ਼ ਆਕੜ ਕੇ ਗੱਲ ਕਰਨ ਤੋਂ ਰੋਕਦਾ ਹੈ। ਇਸ ਸਾਰੇ ਬਿਰਤਾਂਤ ਵਿੱਚ ਜੋ ਗੱਲ ਉਭਰ ਕੇ ਕੇਂਦਰ ਵਿੱਚ ਆ ਖੜ੍ਹਦੀ ਹੈ ਉਹ ਹੈ ਕਿ ਬਿਰਤਾਂਤਕਾਰ ਦੇ ਬਾਪੂ ਦੇ ਪਰਨੇ ਦਾ ਰੰਗ ਤਾਂ ਲੱਥ ਗਿਆ ਸੀ ਪਰ ਉਸਨੂੰ ਆਪਣੇ ਪਰਨੇ ਦਾ ਰੰਗ ਪਹਿਲਾਂ ਹੀ ਬਦਲ ਗਿਆ ਲੱਗਦਾ ਹੈ ਜਿਸ ਦਾ ਮੁੱਖ ਕਾਰਨ ਉਸਨੂੰ ਆਪਣੀ ਮਾਂ ਤੇ ਪਤਨੀ ਦੇ ਮਨ ਅੰਦਰਲਾ ਡਰ ਲੱਗਦਾ ਹੈ। ਕਹਾਣੀ ਦੇ ਅਗਲੇ ਪਾਸਾਰ ਵਿੱਚ ਅਟਕਾਓ ਵਿਧੀ ਰਾਹੀਂ ਕੀਤੀ ਪੇਸ਼ਕਾਰੀ ਅਧੀਨ ਦੁਬਾਰਾ ਖਿਆਲਾਂ ਵਿੱਚ ਖੂਹ ਅਤੇ ਇੰਦਰਜੀਤ ਨਾਂ ਦੇ ਪਾਤਰ ਦੀ ਗੱਲ ਸ਼ੁਰੂ ਹੁੰਦੀ ਹੈ। ਉਸਦੀ ਰੂਹ ਸਕੂਲਾਂ ਵਿੱਚ ਘੁੰਮਦੀ ਹੋਣ ਦਾ ਜ਼ਿਕਰ ਪਾਠਕ ਦੇ ਜ਼ਿਹਨ ਵਿੱਚ ਫਿਰ ਸਵਾਲ ਖੜ੍ਹੇ ਕਰਦਾ ਹੈ ਤੇ ਮਾਂ ਦੁਆਰਾ 'ਇਤਿਹਾਸ ਦੀ ਪੈੜ' ਦਾ ਜ਼ਿਕਰ ਤੇ ਫਿਰ ਨਵਾਬ ਸ਼ੇਰ ਮੁਹੰਮਦ ਖ਼ਾਨ ਦੁਆਰਾ ਇਤਿਹਾਸ ਦੀ ਪੈੜ ਮਿਟਾਏ ਜਾਣ ਦੀ ਗੱਲ ਇਸ ਉਪ-ਬਿਰਤਾਂਤ ਦੀਆਂ ਜੜ੍ਹਾਂ ਅੱਗੇ ਹੋਰ ਡੂੰਘੀਆਂ ਪਰਤਾਂ ਵੱਲ ਤੋਰ ਦਿੰਦੀ ਹੈ। ਸੁਰਤ ਅਵਸਥਾ ਵਿੱਚ ਵਾਪਸ ਆਉਣ 'ਤੇ ਵੀਰ ਬਾਲ ਦਿਵਸ ਦੀ ਗੱਲ ਅਤੇ ਸੋਸ਼ਲ ਮੀਡੀਆ ਤੇ ਛੋਟੇ ਸਾਹਿਬਜ਼ਾਦਿਆਂ ਨੂੰ 'ਲਿਟਲ ਵਾਰੀਅਰਜ਼' ਤੇ 'ਯੰਗ ਹੀਰੋਜ਼' ਕਹਿਣਾ ਉਸਨੂੰ ਕੰਪਨੀ ਰਾਜ ਦੀ ਭਾਸ਼ਾ ਦੀ ਅਸਲੀਅਤ ਦਿਖਾਉਂਦਾ ਹੈ। ਇਸ ਢੰਗ ਨਾਲ਼ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਕੇਸਰੀ ਰੰਗ ਹੌਲੀ ਹੌਲੀ ਕੰਪਨੀ ਰਾਜ ਦੀ ਭਾਸ਼ਾ ਦੇ ਰੰਗ ਵਿੱਚ ਰੰਗ ਕੇ ਇਤਿਹਾਸ ਬਦਲਣ ਵੱਲ ਝੁਕਿਆ ਪ੍ਰਤੀਤ ਹੁੰਦਾ ਹੈ। ਬਿਰਤਾਂਤਕਾਰ ਦੀ ਚਿੰਤਾ ਦਾ ਕਾਰਨ ਕੇਸਰੀ ਰੰਗ ਦਾ ਇਤਿਹਾਸ ਭੁੱਲਣਾ ਹੀ ਬਣ ਜਾਂਦਾ ਹੈ ਪਰ ਟੀਵੀ ਤੇ ਆ ਰਿਹਾ ਵਿਗਿਆਪਨ ਨਸ਼ੇ ਤੇ ਕੰਪਨੀ ਰਾਜ ਦੀ ਭਾਸ਼ਾ ਦੋਹਾਂ ਨੂੰ ਪ੍ਰੋਤਸਾਹਿਤ ਕਰਦਾ ਹੈ। ਇਸ ਸਾਰੇ ਚਿੰਤਾ ਗ੍ਰਸਤ ਮਾਹੌਲ ਵਿੱਚ ਆਸ ਦੀ ਕਿਰਨ ਉਸ ਸਮੇਂ ਵਿਖਾਈ ਦਿੰਦੀ ਹੈ ਜਦ ਬਿਰਤਾਂਤਕਾਰ ਦਾ ਪੁੱਤਰ ਪਾਤਰ ਰਵੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਵੇਲੇ ਦੀ ਇੱਕ ਤਸਵੀਰ ਬਣਾਉਂਦਾ ਹੈ ਅਤੇ ਕਹਿੰਦਾ ਹੈ *"ਉਹ ਜੋ ਮਰਜ਼ੀ ਆਖੀ ਜਾਣ ਪਾਪਾ... ਉਹ ਮੇਰੀ ਤਸਵੀਰ ਦਾ ਰੰਗ ਨਹੀਂ ਬਦਲ ਸਕਦੇ..."*[6]

ਇਕ ਵਾਰ ਫਿਰ ਬਿਰਤਾਂਤਕਾਰ ਇਤਿਹਾਸ ਅਤੇ ਵਰਤਮਾਨ ਨੂੰ ਆਹਮੋ ਸਾਹਮਣੇ ਲਿਆ ਖੜ੍ਹਾ ਕਰਦਾ ਹੈ ਅਤੇ ਸੰਕੇਤਾਂ ਰਾਹੀਂ ਦੋਹਾਂ ਵਿੱਚ ਤਾਲਮੇਲ ਬਿਠਾਉਂਦਿਆਂ ਪਿਛਲਝਾਤ ਵਿਧੀ ਨਾਲ਼ ਇੰਦਰਜੀਤ ਦੁਆਰਾ ਪੰਜਾਬੀ ਸੂਬੇ ਮੋਰਚੇ ਦੀ ਨਾਅਰਿਆਂ ਨੂੰ ਅੱਜ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਦੇ ਜ਼ਮਾਨੇ ਵਿੱਚ ਪੇਸ਼ ਕਰਦਾ ਹੈ। ਸ਼ਬਦਾਂ ਦੀ ਮੌਤ ਤੇ ਸਿੰਬਲ ਇਮੋਜ਼ੀ ਦੇ ਜ਼ਮਾਨੇ ਦੀ ਗੱਲ ਨੂੰ ਕਾਰਪੋਰੇਟ ਜਗਤ ਨਾਲ਼ ਜੋੜ ਕੇ ਮੋਬਾਈਲ ਸਰਵਿਸ ਅਤੇ ਕੰਪਨੀ ਦੇ ਪੂੰਜੀ, ਨਿਵੇਸ਼ ਅਤੇ ਮੁਨਾਫ਼ੇ ਦੀ ਗੱਲ ਕਰਦਾ ਹੈ। ਇਸੇ ਜਾਲ ਨੂੰ ਪੇਸ਼ ਕਰਦਾ ਉਹ ਹਰ ਪਾਠਕ ਹਰ ਮਨੁੱਖ ਨੂੰ ਇੱਕ ਘੇਰੇਬੰਦੀ ਵਿੱਚ ਗ੍ਰਿਫ਼ਤਾਰ ਮਹਿਸੂਸ ਕਰਵਾਉਂਦਾ ਹੈ। ਇਸ ਘੇਰੇਬੰਦੀ ਨੂੰ ਤੋੜਨ ਲਈ ਉਹ ਵਜ਼ੀਰ ਖਾਨ ਦੀ ਕਚਹਿਰੀ ਦੇ ਉਦਾਹਰਣ ਲੈਂਦਾ ਹੈ ਜਿਸ ਵਿੱਚ ਛੋਟੇ ਸਾਹਿਬਜ਼ਾਦੇ ਖੜੇ ਹਨ। ਸਾਹਿਬਜ਼ਾਦਿਆਂ ਨੇ ਜਦ ਹਾਅ ਦਾ ਨਾਅਰਾ ਮਾਰਿਆ ਤਾਂ ਘੇਰਾ ਟੁੱਟ ਗਿਆ ਸੀ। ਫਿਰ ਪਿਛਲਝਾਤ ਰਾਹੀਂ ਇੰਦਰਜੀਤ ਨਾਮ ਦੇ ਪਾਤਰ ਦੀ ਅਸਲੀਅਤ ਸਮਝਣ ਲਈ ਇਤਿਹਾਸ ਦੀ ਉਹ ਘਟਨਾ ਸ਼ਾਮਲ ਕਰਦਾ ਹੈ ਜਦ ਛੋਟੇ ਬੱਚਿਆਂ ਦੀ ਖੇਡ ਸਮੇਂ ਕਰਨਾਲ਼ ਸ਼ਹਿਰ ਵਿੱਚ ਉਸ ਪੰਜਵੀਂ ਚ ਪੜ੍ਹਦੇ ਬੱਚੇ ਦੁਆਰਾ ਪੰਜਾਬੀ ਸੂਬੇ ਮੋਰਚੇ ਅਤੇ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਲਾਏ ਗਏ ਨਾਅਰਿਆਂ ਕਾਰਨ ਜ਼ੁਲਮ ਢਾਏ ਗਏ ਤੇ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਕਹਾਣੀ ਦੇ ਇਸ ਮੋੜ 'ਤੇ ਆ ਕੇ ਪਾਠਕ ਸਾਹਮਣੇ ਇੰਦਰਜੀਤ ਦੀ ਰੂਹ ਭਟਕਣ ਦੇ ਕਾਰਨ ਸਪਸ਼ੱਟ ਹੁੰਦੇ ਹਨ ਪਰ ਇਥੇ ਬਿਰਤਾਂਤਕਾਰ ਆਪ ਅਜਿਹੇ ਸੰਘਰਸ਼ ਅਤੇ ਅਜਿਹੇ ਨਾਅਰੇ ਲਾਉਣ ਵਿੱਚ ਅਸਮਰੱਥ ਵਿਖਾਈ ਦਿੰਦਾ ਹੈ। ਉਹ ਨਾਅਰੇ ਲਈ ਆਪਣੀ ਬਾਂਹ ਚੁੱਕਣ ਦੀ ਇਸ ਅਸਮਰਥਾ ਕਾਰਨ ਡਾਕਟਰ ਕੋਲ ਵੀ ਜਾਂਦਾ ਹੈ ਤੇ ਬਿਰਤਾਂਤਕਾਰ ਉਸ ਦੀ ਹਾਲਤ ਸਮਝਦੇ ਹੋਏ ਸੰਕੇਤਾਤਮਕ ਭਾਸ਼ਾ ਵਿੱਚ ਹੀ ਸਲਾਹ ਦਿੰਦਾ ਹੈ, *"ਸੂਚਨਾ ਕ੍ਰਾਂਤੀ ਆਉਣ ਨਾਲ਼ ਸਾਰਾ ਸੰਸਾਰ ਔਨ ਲਾਈਨ ਹੋ ਗਿਆ ਐ ਮਾਸਟਰ ਜੀ। ਜਾਂ ਤਾਂ ਸਮੇਂ ਦੇ ਹਾਣੀ ਬਣੋ! ਜਾਂ ਫਿਰ ਸਮੇਂ ਤੋਂ ਪਹਿਲਾਂ ਸੇਵਾ-ਮੁਕਤੀ ਲੈ ਲਓ...।" "ਜੇਕਰ ਦੋਵਾਂ 'ਚੋਂ ਇੱਕ ਕੰਮ ਨਾ ਕੀਤਾ। ਅਜੇ ਤਾਂ ਸੁੰਨ ਹੀ ਹੋਈ ਐ। .ਤੁਹਾਡੀ ਬਾਂਹ ਨੂੰ ਅਧਰੰਗ ਵੀ ਹੋ ਸਕਦਾ ਐ...!"*[7] ਇਹ ਸੰਕੇਤ ਦਰਸਾਉਂਦੇ ਹਨ ਕਿ ਅੱਜ ਦੇ ਸਮੇਂ ਦੌਰਾਨ ਹਰ ਕੰਮ ਵਿੱਚ ਇੰਟਰਨੈਟ ਅਤੇ ਗੂਗਲ ਦਾ ਦਖ਼ਲ ਅਤੇ ਰਵਾਇਤੀ ਕੰਮਕਾਜ ਢੰਗ ਵਿੱਚ ਆ ਰਿਹਾ ਬਦਲਾਅ ਬਿਰਤਾਂਤਕਾਰ ਨੂੰ ਤਣਾਅਗ੍ਰਸਤ ਕਰਦਾ ਹੈ ਅਤੇ ਉਹ ਆਪ ਬੇਵੱਸ ਮਹਿਸੂਸ ਕਰਦਾ ਹੈ। ਇਸੇ ਉਪ-ਬਿਰਤਾਂਤਕ ਪਾਸਾਰ ਵਿੱਚ ਅਜੋਕੇ ਸਮੇਂ ਵਿੱਚ ਪ੍ਰਚਲਿਤ ਈ-ਰਿਕਸ਼ਾ, ਗੂਗਲ ਪੇਅ, ਜੀ.ਬੀ.ਯੂ, ਸੋਸ਼ਲ ਮੀਡੀਆ ਅਤੇ ਥਾਰ ਗੱਡੀ ਵਿੱਚ ਸਿੱਧੂ ਮੂਸੇਵਾਲੇ ਦੇ ਗੀਤਾਂ ਵਿੱਚ ਰੁਝੇ ਨੌਜਵਾਨਾਂ ਦੀ ਗੱਲ ਵੀ ਕਰਦਾ ਹੈ। ਇਸ ਬਿਰਤਾਂਤ ਵਿੱਚ ਇਸੇ ਪ੍ਰਸੰਗ ਵਿੱਚ ਇਕ ਰੋਬੋਟ ਅਧਿਆਪਕਾ ਪੰਜਾਬ ਕੌਰ ਨੂੰ ਚਿਤਰਤ ਕਰਦਾ ਹੈ ਅਤੇ ਇਸ ਮਸ਼ੀਨੀ ਅਧਿਆਪਕ ਦੀ ਕਾਰਗੁਜ਼ਾਰੀ ਤੋਂ ਅਸੰਤੁਸ਼ਟ ਹੋ ਕੇ ਚਿੰਤਿਤ ਦਿਸਦਾ ਹੈ। ਇਕ ਹੋਰ ਉਪ-ਬਿਰਤਾਂਤ ਵਿੱਚ ਬਿਰਤਾਂਤਕਾਰ ਦੋ ਪੰਜਾਬੀ ਸਰਦਾਰਾਂ ਦੁਆਰਾ ਲੁਧਿਆਣੇ ਨਾਮਵਰ ਕਵੀ ਸੁਰਜੀਤ ਪਾਤਰ ਦੇ ਭੋਗ 'ਤੇ ਜਾਣ ਸਮੇਂ ਗੁਰਦੁਆਰੇ ਦਾ ਰਸਤਾ ਭੁੱਲ ਜਾਣ ਨੂੰ ਆਪਣੀ ਰਵਾਇਤ ਅਤੇ ਸਭਿਆਚਾਰ ਭੁੱਲਣ ਦੇ ਸੰਕੇਤ ਵਜੋਂ ਵਰਤਿਆ ਹੈ। ਇਸੇ

ਸਿੱਕੇ ਦਾ ਦੂਜਾ ਪਾਸਾ ਉਸ ਬਿਰਤਾਂਤ ਰਾਹੀਂ ਸਾਹਮਣੇ ਆਉਂਦਾ ਹੈ ਜਦ ਇਹ ਭੁੱਲੇ ਰਾਹ ਅਤੇ ਸਭਿਆਚਾਰ ਉਹਨਾਂ ਪਰਵਾਸੀ ਮਜ਼ਦੂਰਾਂ ਦੁਆਰਾ ਯਾਦ ਰੱਖਿਆ ਜਾ ਰਿਹਾ ਹੈ ਜੋ ਇਸ ਧਰਤੀ ਨੂੰ ਹੁਣ ਆਪਣਾ ਬਣਾਈ ਬੈਠੇ ਹਨ। ਕਹਾਣੀ ਦੇ ਸਿਖ਼ਰ ਵੱਲ ਵੱਧਦਿਆਂ ਕਹਾਣੀਕਾਰ ਆਪਣੇ ਮਕਬੂਲ ਅਤੇ ਪਸੰਦੀਦਾ ਅੰਦਾਜ਼ ਵਿੱਚ ਦੋ ਡਰਾਉਣੇ ਸੁਪਨੇ ਸ਼ਾਮਲ ਕਰਦਾ ਹੈ ਅਤੇ ਆਪਣੇ ਮਨ ਦੇ ਡਰਾਂ ਅਤੇ ਸ਼ੰਕਿਆਂ ਨੂੰ ਕਹਾਣੀ ਵਿੱਚ ਵਿਲੱਖਣ ਬਿਰਤਾਂਤਕ ਅੰਦਾਜ਼ ਵਿੱਚ ਪੇਸ਼ ਕਰਦਾ ਹੈ।

ਘਟਨਾਵਾਂ ਦੀ ਵਿਉਂਤ ਅਤੇ ਮਿਆਦ ਦੇ ਨਾਲ ਨਾਲ ਘਟਨਾਵਾਂ ਦੇ ਵਾਪਰਨ ਦੀ ਬਾਰੰਬਾਰਤਾ ਵੀ ਬਿਰਤਾਂਤਕਾਰ ਦੀ ਕਲਾ ਦਾ ਨਤੀਜਾ ਹੁੰਦੀ ਹੈ ਅਤੇ ਬਿਰਤਾਂਤ ਦਾ ਸਹਿਜ ਸਰਲ ਹੋਣਾ ਜਾਂ ਜਟਿਲ ਹੋਣਾ ਇਸ ਉੱਪਰ ਨਿਰਭਰ ਕਰਦਾ ਹੈ। ਕਹਾਣੀ 'ਜ਼ੁਬਾਨ ਕੇਸਰੀ' ਵਿੱਚ ਬਿਰਤਾਂਤਕਾਰ ਮੁਖ ਘਟਨਾਵਾਂ ਨੂੰ ਅਨੇਕਹਿਰ ਯੁਕਤ ਦੀ ਵਰਤੋਂ ਸਭ ਤੋਂ ਵੱਧ ਕਰਦਾ ਹੈ। ਇਤਿਹਾਸਕ ਘਟਨਾਵਾਂ ਨੂੰ ਅਜੋਕੇ ਵਾਤਾਵਰਨ ਵਿੱਚ ਪ੍ਰਚਲਿਤ ਵਰਤਾਰਿਆਂ ਦੀ ਮਦਦ ਨਾਲ ਸਮਝਾਉਂਦਿਆਂ ਕਹਾਣੀਕਾਰ ਪਹਿਲਾਂ ਘਟਨਾ ਨੂੰ ਕੇਵਲ ਜਾਣਕਾਰੀ ਦੇ ਪੱਧਰ ਤੇ ਕਥਾਨਕ ਵਿੱਚ ਸ਼ਾਮਿਲ ਕਰਦਾ ਹੈ, ਹੋਰਨਾਂ ਉਪ-ਬਿਰਤਾਂਤਾਂ ਰਾਹੀਂ ਬਣਾਈ ਘਟਨਾਵੀਂ ਵਿਉਂਤ ਦੇ ਅੰਤਰਗਤ ਫਿਰ ਤੋਂ ਉਸ ਘਟਨਾ ਸਬੰਧੀ ਹੋਰ ਵੇਰਵਿਆਂ ਨੂੰ ਪੇਸ਼ ਕਰਕੇ ਪਾਠਕ ਦੀ ਉਤਸੁਕਤਾ ਵਧਾਉਂਦਾ ਹੈ ਤੇ ਇੰਵ ਕਹਾਣੀ ਦੇ ਸਿਖ਼ਰ 'ਤੇ ਪੁੱਜ ਸਾਰੀ ਘਟਨਾ ਵੇਰਵਿਆਂ ਅਤੇ ਕਾਰਨਾਂ ਸਮੇਤ ਪੇਸ਼ ਕਰਦਾ ਹੈ। ਪਿਛਲੀਆਂ ਕਹਾਣੀਆਂ ਵਾਂਗ ਇਹੀ ਕਹਾਣੀਕਾਰ ਦੀ ਕਥਾ ਜੁਗਤ ਹੈ। ਇਸ ਸਬੰਧ ਵਿੱਚ ਇਸ ਕਹਾਣੀ ਵਿਚੋਂ ਪੂਰਵੀ ਭਈਆਂ ਸਬੰਧੀ ਬਿਰਤਾਂਤ, ਇੰਦਰਜੀਤ ਸਬੰਧੀ ਬਿਰਤਾਂਤ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਬੰਧੀ ਬਿਰਤਾਂਤ ਦੇਖੇ ਜਾ ਸਕਦੇ ਹਨ। ਅਨੇਕਹਿਰ ਯੁਕਤ ਦੇ ਨਾਲ-ਨਾਲ ਬਿਰਤਾਂਤਕਾਰ ਨੇ ਦੋਹਰਾਓ ਦੀ ਯੁਕਤ ਵੀ ਵਰਤੀ ਹੈ ਇਹ ਯੁਕਤ ਜ਼ਿਆਦਾਤਰ ਮੁੱਖ ਘਟਨਾਵਾਂ ਤੋਂ ਘੱਟ ਮਹੱਤਵ ਰੱਖਣ ਵਾਲੀਆਂ ਜਾਂ ਮੁੱਖ ਘਟਨਾਵਾਂ ਦਾ ਵਰਣਨ ਕਰਨ ਵਾਲੀਆਂ ਘਟਨਾਵਾਂ ਸਬੰਧੀ ਕੀਤਾ ਗਿਆ ਹੈ। ਕਹਾਣੀਕਾਰ ਦੀਆਂ ਪਹਿਲੀਆਂ ਕਹਾਣੀਆਂ ਦਾ ਅਧਿਐਨ ਕੀਤਿਆਂ ਵੀ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਸਦੀ ਕਹਾਣੀਆਂ ਇੱਕ ਕੇਂਦਰੀ ਵਿਸ਼ੇ ਦੁਆਲੇ ਘੁੰਮਦੇ ਉਪ-ਬਿਰਤਾਂਤ ਦੀ ਵਿਉਂਤ ਹੁੰਦੀ ਹੈ ਅਤੇ ਕਈ ਵਾਰ ਉਹ ਕਹਾਣੀ ਦਾ ਕਥਾਨਕ ਉਸਾਰਨ ਲਈ ਵੱਖਰੇ ਵੱਖਰੇ ਸਿਰਲੇਖਾਂ ਹੇਠ ਆਪਣੇ ਕੁਝ ਵਿਚਾਰ ਜਾਂ ਸੁਪਨੇ ਜਾਂ ਕਹਾਣੀਆਂ ਦੇ ਵੇਰਵੇ ਵੀ ਸਾਂਝੇ ਕਰਦਾ ਹੈ। ਇਹੀ ਗਲਪੀ ਤਕਨੀਕ ਉਸਨੇ ਇਸ ਕਹਾਣੀ ਵਿੱਚ ਵੀ ਵਰਤੀ ਹੈ ਅਤੇ ਉਹ ਕਹਾਣੀ ਦੇ ਅੰਤਿਮ ਪੜਾਅ 'ਤੇ ਆਪਣੇ ਮਨ ਦੇ ਡਰਾਂ ਨੂੰ ਭਵਿੱਖ ਦੇ ਸੰਕਟ ਬਣਾ ਕੇ ਸਿਰਲੇਖਾਂ ਡਰਾਉਣੇ ਸੁਪਨੇ ਅਧੀਨ ਦਰਜ ਕਰਦਾ ਹੈ। ਉਹ ਕੁਲ ਪੰਜ ਡਰਾਉਣੇ ਸੁਪਨੇ ਇਸ ਕਹਾਣੀ ਵਿੱਚ ਸ਼ਾਮਲ ਕੀਤੇ ਹਨ। ਉਸਦੀ ਇਹ ਗਲਪੀ ਤਕਨੀਕ ਕਈ ਕਹਾਣੀਆਂ ਵਿੱਚ ਕਾਮਯਾਬ ਰਹੀ ਹੈ ਤੇ ਅਜਿਹਾ ਇਸ ਕਹਾਣੀ ਵਿੱਚ ਵੀ ਹੋਇਆ ਹੈ। ਇਕ ਉਦਾਹਰਣ ਹੈ,

ਸਥੂਲ ਰੂਪ ਵਿੱਚ ਇਸ ਕਹਾਣੀ ਦਾ ਸਮੁੱਚਾ ਬਿਰਤਾਂਤ ਕਿਸੇ ਇੱਕ ਥਾਂ ਤੇ ਨਹੀਂ ਵਾਪਰਦਾ ਇਸ ਕਹਾਣੀ ਦਾ ਜ਼ਿਆਦਾਤਰ ਬਿਰਤਾਂਤ ਵਰਚੁਅਲ ਸਥਾਨਾਂ ਜਾਂ ਸੁਪਨਿਆਂ ਆਦਿ ਵਿੱਚ ਵਾਪਰਦਾ ਹੈ। ਬਿਰਤਾਂਤਕਾਰ ਮਨ ਵਿੱਚ ਸੂਖਮ ਰੂਪਾਂ ਵਿੱਚ ਵਾਪਰ ਰਹੇ ਬਿਰਤਾਂਤਾ ਰਾਹੀਂ ਮਾਨਸਿਕ ਸੰਕਟ ਨੂੰ ਪੇਸ਼ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ। ਪਾਤਰਾਂ ਦੀ ਗੱਲ ਕੀਤਿਆਂ ਇਸ ਜਟਿਲ ਬਿਰਤਾਂਤ ਵਾਲੀ ਕਹਾਣੀ ਵਿੱਚ ਬਿਰਤਾਂਤਕਾਰ-ਮਾਸਟਰ, ਇੰਦਰਜੀਤ, ਨਵਾਬ ਸ਼ੇਰ ਮੁਹੰਮਦ ਖ਼ਾਨ, ਬਿਰਤਾਂਤਕਾਰ ਦੀ ਪਤਨੀ ਕਰਮ, ਬੇਟਾ ਰਵੀ, ਬਾਪੂ, ਸਾਥੀ ਅਧਿਆਪਕ, ਦਾਨਿਸ਼, ਉਸਦੇ ਪਾਪਾ, ਰਿਕਸ਼ੇ ਵਾਲਾ ਭਈਆ ਆਦਿ ਸਭ ਕਥਾਨਕ ਪਾਤਰ ਹਨ ਜਿਨਾਂ ਰਾਹੀਂ ਇਸ ਕਹਾਣੀ ਦੇ ਬਿਰਤਾਂਤਾਂ ਦਾ ਸੰਚਾਰ ਹੋਇਆ ਹੈ। ਇਹਨਾਂ ਵਿਚੋਂ ਪਾਤਰ ਇੰਦਰਜੀਤ ਅਤੇ ਨਵਾਬ ਸ਼ੇਰ ਮੁਹੰਮਦ ਖ਼ਾਨ ਦੋ ਸਮਿਆਂ ਵਿੱਚ ਕੜੀ ਵਜੋਂ ਪੇਸ਼ ਕੀਤੇ ਗਏ ਹਨ ਤੇ ਬਿਰਤਾਂਤਕਾਰ ਖ਼ੁਦ ਆਪਣੀ ਰਿਵਾਇਤ ਨੂੰ ਭੁੱਲਣ ਦੀ ਹੋਣੀ ਨੂੰ ਭੋਗਦਾ ਵਿਖਾਈ ਦਿੰਦਾ ਹੈ। ਇਹਨਾਂ ਸਾਰੇ ਪਾਤਰਾਂ ਦੀ ਮਾਨਸਿਕ ਸੰਕਟਾਂ ਦਾ ਕਾਰਨ ਕਿਤੇ ਨਾ ਕਿਤੇ ਕਾਰਪੋਰੇਟ ਜਗਤ ਦੇ ਸਰੋਕਾਰਾਂ ਵਿੱਚੋਂ ਪਣਪਦੇ ਵਰਤਾਰੇ ਹੀ ਹਨ ਅਤੇ ਰਵਾਇਤੀ ਯੁੱਗ ਇੰਟਰਨੈਟ, ਸੋਸ਼ਲ ਮੀਡੀਆ ਰਾਹੀਂ ਦਿੱਤੀ ਜਾ ਰਹੀ ਵਰਚੁਅਲ ਸਿੱਖਿਆ ਨਾਲ ਭਿੜਦਾ ਨਜ਼ਰੀਂ ਪੈਂਦਾ ਹੈ। ਭਾਸ਼ਾ ਦੀ ਗੱਲ ਕੀਤਿਆਂ ਜਸਵੀਰ ਰਾਣਾ ਦੀ ਭਾਸ਼ਾ ਵਿੱਚ ਕਾਵਿਕ ਭਾਸ਼ਾ ਅਤੇ ਗੱਦ ਭਾਸ਼ਾ ਦਾ ਸੁੰਦਰ ਸੁਮੇਲ ਹੈ। ਉਹ ਚਿੱਤਰ ਬਿਆਨ ਨਹੀਂ ਕਰਦਾ ਸਗੋਂ ਸਿਰਜਦਾ ਹੈ। ਕਹਾਣੀ ਦੀ ਸੰਰਚਨਾ ਬਹੁ-ਪੱਧਰੀ, ਬਹੁ-ਪਰਤੀ ਅਤੇ ਬਹੁ-ਬਿਰਤਾਂਤੀ ਹੈ। ਇੱਕੋ ਵਾਰ ਕਈ ਸਮੇਂ, ਕਈ ਥਾਵਾਂ ਅਤੇ ਕਈ ਚੇਤਨਾਵਾਂ ਕਿਰਿਆਸ਼ੀਲ ਰਹਿੰਦੀਆਂ ਹਨ। ਇਹ ਉਤਰ-ਆਧੁਨਿਕ ਬਿਰਤਾਂਤੀ ਤਕਨੀਕ ਹੈ ਜੋ ਪੰਜਾਬੀ ਕਹਾਣੀ ਵਿੱਚ ਵਿਲੱਖਣ ਰੂਪ ਵਿੱਚ ਕੁਝ ਕਹਾਣੀਕਾਰਾਂ ਵੱਲੋਂ ਅਪਣਾਈ ਗਈ ਹੈ।

*ਡਰਾਉਣਾ ਸੁਪਨਾ - 5.*

*"ਪਾਪਾ। ਆਪਣੇ ਪਿੰਡ ਨੂੰ ਕੀ ਹੋ ਗਿਆ।" ਕੈਨੇਡਾ ਤੋਂ ਪਰਤੀ ਬੇਟੀ ਦੀ ਕਾਰ ਪਿੰਡ ਦੀ ਜੂਹ ਵਿੱਚ ਪ੍ਰਵੇਸ਼ ਕਰ ਗਈ। ਸਵਾਲਾਂ ਦਾ ਕਾਫਲਾ ਉਸਦਾ ਪਿੱਛਾ ਕਰਨ ਲੱਗਾ, "ਆਪਣੇ ਪਿੰਡ ਦੇ ਲੋਕ ਕਿੱਥੇ ਗਏ ਪਾਪਾ...।" "ਆਹ ਕਿਹੜੀ ਨਸਲ ਦੇ ਲੋਕ ਤੁਰੇ ਫਿਰਦੇ ਨੇ ! ਇਹ ਕਿਹੜੀ ਭਾਸ਼ਾ ਬੋਲ ਰਹੇ ਨੇ...।" ਗੁਰਦੁਆਰੇ ਦੇ ਨਿਸ਼ਾਨ ਸਾਹਿਬ ਦਾ ਬਦਲਿਆ ਰੰਗ ਵੇਖ ਉਹ ਖੇਤਾਂ ਵਿੱਚ ਉੱਸਰੇ ਚਰਚ ਵੱਲ ਵੇਖਣ ਲੱਗੀ।... ਘਰ ਦਾ ਬਾਹਰਲਾ ਗੇਟ ਖੜਕਣ ਲੱਗਾ। ਕੋਈ ਬੀਹੀ ਵਿੱਚ ਲਲਕਾਰੇ ਮਾਰ ਰਿਹਾ ਸੀ। "ਲਲਕਾਰੇ ਨਹੀਂ।... ਬੀਹੀ ਵਿੱਚ ਭਈਆਂ ਦੀ ਭੀੜ ਨਾਅਰੇ ਮਾਰ ਰਹੀ ਐ...।" ਕਰਮ ਮੇਰੀ ਬਾਂਹ ਹਿਲਾ ਰਹੀ ਸੀ। ਮੇਰੀ ਅੱਖ ਖੁੱਲ੍ਹੀ ਵੇਖ ਉਹ ਆਖਣ ਲੱਗੀ, "ਉੱਠ ਬਾਹਰ ਵੇਖੋ। ਉਹ ਆਪਣਾ ਗੇਟ ਖੜਕਾ ਰਹੇ ਨੇ...!"[੪]*

ਇਸ ਅਧਿਐਨ ਤੋਂ ਬਾਅਦ ਇਸ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ ਕਿ "ਜ਼ੁਬਾਨ ਕੇਸਰੀ" ਕੇਵਲ ਇੱਕ ਕਹਾਣੀ ਨਹੀਂ, ਸਗੋਂ ਇਹ ਇੱਕ ਸੱਭਿਆਚਾਰਕ ਦਸਤਾਵੇਜ਼ ਹੈ। ਦਰਅਸਲ ਇਹ ਇੱਕ ਸੁਚੇਤ ਚੇਤਾਵਨੀ ਹੈ। ਜਸਵੀਰ ਸਿੰਘ ਰਾਣਾ ਨੇ ਕੇਸਰੀ ਰੰਗ ਦੇ ਰੂਪਕ ਰਾਹੀਂ ਇਹ ਦੱਸਿਆ ਹੈ ਕਿ ਕਿਵੇਂ ਸਾਡੀਆਂ ਸਭ ਤੋਂ ਪਵਿੱਤਰ ਯਾਦਾਂ, ਸਾਡੀ ਭਾਸ਼ਾ, ਸਾਡੇ ਰੰਗ ਅਤੇ ਸਾਡੀ ਪਛਾਣ ਨੂੰ ਵੱਖ-ਵੱਖ ਤਾਕਤਾਂ ਦੁਆਰਾ ਆਪਣੇ ਹਿੱਤਾਂ ਲਈ ਵਰਤਿਆ ਜਾਂਦਾ ਹੈ। ਸੁਪਨ-ਸੁਰਤ ਅਵਸਥਾ ਰਾਹੀਂ ਉਹ ਇਤਿਹਾਸ, ਵਰਤਮਾਨ ਅਤੇ ਭਵਿੱਖ ਨੂੰ ਇੱਕੋ ਧਰਾਤਲ ਉੱਤੇ ਲੈ ਆਉਂਦਾ ਹੈ ਅਤੇ ਇਸ ਢੰਗ ਨਾਲ ਇਹ ਨਾ ਕੇਵਲ ਸਮਕਾਲੀ ਸਮੱਸਿਆਵਾਂ ਨੂੰ ਉਜਾਗਰ ਕਰਦੀ ਹੈ, ਸਗੋਂ ਇਤਿਹਾਸਕ ਡੂੰਘਾਈ ਨਾਲ ਉਹਨਾਂ ਦੀਆਂ ਜੜ੍ਹਾਂ ਵੀ ਲੱਭਦੀ ਹੈ। ਕੇਸਰੀ ਰੰਗ ਦਾ ਮੈਟਾਫ਼ਰ ਇੰਨਾ ਸ਼ਕਤੀਸ਼ਾਲੀ ਹੈ ਕਿ ਪਾਠਕ ਕਹਾਣੀ ਪੜ੍ਹਨ ਤੋਂ ਬਾਅਦ ਵੀ ਇਸ ਰੰਗ ਨੂੰ ਉਸੇ ਤਰ੍ਹਾਂ ਨਹੀਂ ਦੇਖ ਸਕਦਾ ਜਿਵੇਂ ਪਹਿਲਾਂ ਦੇਖਦਾ ਸੀ। ਇਹੀ ਕਿਸੇ ਵੀ ਮਹਾਨ ਕਲਾਕ੍ਰਿਤੀ ਦੀ ਅਸਲ ਸਫ਼ਲਤਾ ਹੈ।

## ਹਵਾਲੇ ਅਤੇ ਟਿੱਪਣੀਆ


1. *ਕੌਰ ਧਨਵੰਤ (ਡਾ.), (1994), ਆਧੁਨਿਕ ਪੰਜਾਬੀ ਕਹਾਣੀ ਬਿਰਤਾਂਤ-ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, ਦਿੱਲੀ, ਪੰਨਾ: 33*
2. *ਰਾਣਾ ਜਸਵੀਰ ਸਿੰਘ, (2025), ਲਤੀਫ਼ੇ ਤੋਂ ਬਾਅਦ ਡਿੱਗਿਆ ਹੰਝੂ, ਕੈਲੀਬਰ ਪਬਲੀਕੇਸ਼ਨ, ਪਟਿਆਲਾ, ਪੰਨਾ: 93*
3. *ਉਹੀ, ਪੰਨਾ: 105*
4. *Todorov Tzveton, (1939), Introduction To Poetics, University of Minnesota Press,Minneapolis, p 6*
5. *Bal Mieke, Christine Van Boheemen(Translated), (1985), Narratology, University Toronto Press, p 142*
6. *ਰਾਣਾ ਜਸਵੀਰ ਸਿੰਘ, (2025), ਲਤੀਫ਼ੇ ਤੋਂ ਬਾਅਦ ਡਿੱਗਿਆ ਹੰਝੂ, ਕੈਲੀਬਰ ਪਬਲੀਕੇਸ਼ਨ, ਪਟਿਆਲਾ, ਪੰਨਾ: 92*
7. *ਉਹੀ, ਪੰਨਾ: 95*
8. *ਉਹੀ, ਪੰਨਾ: 120*


## *Cite this Article-*


*ਡਾ. ਸੰਦੀਪ ਰਾਣਾ (Dr. Sandeep Rana), ਕੇਸਰੀ ਰੰਗ ਦੇ ਵਿਧਾਨ ਦਾ ਬਿਰਤਾਂਤ: 'ਜ਼ੁਬਾਨ ਕੇਸਰੀ' (Kesari Rang De Vidhan Da Britant: 'Zubaan Kesari'), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 45-49.*

*Journal URL: www.armaan.org.in*

*DOI: https://doi.org/10.64119/armaan.vol.4.issue2.09*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*